Roll No. ........................ Total Pages : 7

**GSM/M-20** **1536**

**PUNJABI (Compulsory)**

Time Allowed : 3 Hours] [Maximum Marks : 80

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੇ ਕਵੀਆਂ ਵਿਚੋਂ ਕਿਸੇ **ਇਕ** ਦੇ ਜੀਵਨ ਅਤੇ ਰਚਨਾ ਉਪਰ ਨੋਟ ਲਿਖੋ : 10

   (ੳ) ਵਜੀਦ

   (ਅ) ਸ਼ਾਹ ਮੁਹੰਮਦ।

2. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 5+5=10

   (ੳ) ਮਨ ਕੰਚਰ ਮਦਮਸਤ ਮਰੈ ਤਿਉ ਮਾਰੀਐ।
   ਕਾਮ ਕਲੰਕ ਕਲੇਸ਼ ਟਰੈ ਤਿਉ ਟਾਰੀਐ।
   ਸਾਧ ਜਨਾ ਸਿਉ ਪ੍ਰੀਤ ਪਲੈ ਤਿਉ ਪਾਲੀਐ।
   ਵਜੀਦਾ ਰਾਮ ਭਜਨ ਸਿਉ ਦੇਹ ਗਲੈ ਤਿਉ ਗਾਲੀਐ।

   (ਅ) ਗੰਝਾ ਆਖਦਾ ਇਹ ਜਹਾਨ ਸੁਫਨਾ,
   ਮਰ ਜਾਵਣਾ ਈ ਨੈਣਾਂ ਵਾਲੀਏ ਨੀ।
   ਤੁਸਾਂ ਜਿਹੇ ਪਿਆਰਿਆਂ ਇਹ ਲਾਜ਼ਮ,
   ਆਏ ਗਏ ਮੁਸਾਫ਼ਰਾਂ ਪਾਲੀਏ ਨੀ।
   ਏਡਾ ਹੁਸਨ ਦਾ ਨਾਂਹ ਗੁਮਾਨ ਕਰੀਏ,
   ਇਹ ਲੈ ਪਲੰਘ ਹਈ ਸਵੇ ਨਿਹਾਲੀਏ ਨੀ।

(ੲ) ਹੇ-ਹਾਰ ਸ਼ਿੰਗਾਰ ਸਭ ਪਹਿਰ ਕੇ ਜੀ,
ਪੂਰਨ ਨਾਲ ਮਹੂਰਤਾਂ ਬਾਹਰ ਆਇਆ।
ਕੱਢ ਭੋਰਿਓਂ ਬਾਪ ਦਾ ਪੋਰ ਤਾਜ਼ੀ,
ਨਿਗਾ ਰੱਖ ਕੇ ਵਿਚ ਬਾਜ਼ਾਰ ਆਇਆ।
ਖੁਸ਼ੀ ਹੋਈ ਬਹੁਤ ਰਾਣੀ ਇੱਛਰਾਂ ਨੂੰ,
ਦਰਿ ਘਰ ਦੇਣ ਵਧਾਈਆਂ ਸੰਸਾਰ ਆਇਆ।

(ਸ) ਇਥੇ ਆਇਆ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ, ਫ਼ੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।

3. ਸੰਤੋਖ ਸਿੰਘ ਧੀਰ **ਜਾਂ** ਅਜੀਤ ਕੌਰ ਦੇ ਵਿਚੋਂ ਕਿਸੇ **ਇੱਕ** ਕਹਾਣੀਕਾਰ ਦੀ ਪੰਜਾਬੀ ਕਹਾਣੀ ਨੂੰ ਦੇਣ ਉੱਪਰ ਚਰਚਾ ਕਰੋ। 5

4. ਹੇਠ ਲਿਖੀ ਕਹਾਣੀਆਂ ਵਿਚੋਂ ਕਿਸੇ **ਇੱਕ** ਕਹਾਣੀ ਦਾ ਸਾਹਿਤਕ ਮੁਲਾਂਕਣ ਕਰੋ : 15

(ੳ) ਅੰਦਰਲੀ ਜੋਤ

(ਅ) ਵੱਡਾ ਆਦਮੀ।

5. ਆਪਣੇ ਮਿੱਤਰ/ਸਹੇਲੀ ਨੂੰ ਉਸਦੀ ਮਾਤਾ ਜੀ ਦੇ ਸਵਰਗਵਾਸ ਹੋ ਜਾਣ 'ਤੇ ਅਫ਼ਸੋਸ ਦੀ ਚਿੱਠੀ ਲਿਖੋ।

**ਜਾਂ**

ਤੁਹਾਡੇ ਚਾਚਾ ਜੀ ਨੇ ਤੁਹਾਡੇ ਜਨਮਦਿਨ 'ਤੇ ਤੁਹਾਨੂੰ ਇੱਕ ਗੁੱਟ-ਘੜੀ ਭੇਜੀ ਹੈ। ਇਕ ਚਿੱਠੀ ਰਾਹੀਂ ਉਹਨਾਂ ਨੂੰ ਇਸ ਤੋਹਫ਼ੇ ਦੇ ਗੁਣ ਤੇ ਲਾਭ ਦੱਸਦੇ ਹੋਏ ਉਹਨਾਂ ਦਾ ਧੰਨਵਾਦ ਕਰੋ। 10

6. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉੱਪਰ ਪੈਰ੍ਹਾ ਰਚਨਾ ਕਰੋ : 10

(ੳ) ਖੇਡਾਂ ਦਾ ਮਹੱਤਵ

(ਅ) ਨਸ਼ਿਆਂ ਦਾ ਵੱਧ ਰਿਹਾ ਪ੍ਰਭਾਵ

(ੲ) ਸਾਡੇ ਤਿਉਹਾਰ।

7. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : 20

(i) ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਵਜੀਦ ਦੇ ਸ਼ਲੋਕਾਂ ਦੀ ਕੁੱਲ ਗਿਣਤੀ ਕਿੰਨੀ ਹੈ ?

(ੳ) 38 (ਅ) 39

(ੲ) 40 (ਸ) 41.

(ii) ਕਿਸ ਬਾਦਸ਼ਾਹ ਨੂੰ ਅੰਮ੍ਰਿਤ ਦਾ ਪਿਆਲਾ ਪੀਣਾ ਨਸੀਬ ਨਹੀਂ ਸੀ ਹੋਇਆ?

(ੳ) ਸਿਕੰਦਰ (ਅ) ਪੋਰਸ

(ੲ) ਬਾਬਰ (ਸ) ਅਕਬਰ।

(iii) ਹੀਰ ਵਾਰਿਸ ਦੀ ਬੋਲੀ ਕਿਹੜੀ ਹੈ?

(ੳ) ਲਹਿੰਦੀ

(ਅ) ਠੇਠ ਕੇਂਦਰੀ ਪੰਜਾਬੀ

(ੲ) ਉਰਦੂ ਪੰਜਾਬੀ

(ਸ) ਮਲਵਈ।

(iv) ਹੀਰ ਦੀ ਰਾਂਝੇ ਵੱਲ ਚਿੱਠੀ ਕੌਣ ਲੈ ਕੇ ਜਾਂਦਾ ਹੈ?

(ੳ) ਕਾਸਦ (ਅ) ਮਲਕੀ

(ੲ) ਮੁੱਲਾ (ਸ) ਸਹਿਤੀ।

(v) 'ਪੂਰਨ ਭਗਤ' ਕਿੱਸੇ ਦਾ ਕਾਵਿ-ਰੂਪ ਕੀ ਹੈ?

(ੳ) ਸੀਹਰਫੀ (ਅ) ਦੋਹਿਰਾ

(ੲ) ਕਬਿੱਤ (ਸ) ਬੈਂਤ।

(vi) ਇੱਛਰਾਂ ਨੂੰ ਆਪਣੇ ਪੁੱਤਰ ਦੀ ਪਛਾਣ ਕਿਵੇਂ ਹੁੰਦੀ ਹੈ?

(ੳ) ਅਨੁਮਾਨ ਲਾ ਕੇ

(ਅ) ਹੱਥਾਂ ਨਾਲ ਛੋਹ ਕੇ

(ੲ) ਆਵਾਜ਼ ਪਛਾਣ ਕੇ

(ਸ) ਉਸਦੇ ਦੱਸਣ ਅਨੁਸਾਰ।

(vii) 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦਾ ਲੇਖਕ ਕੌਣ ਹੈ?

(ੳ) ਸ਼ਾਹ ਮੁਹੰਮਦ

(ਅ) ਪੀਰ ਮੁਹੰਮਦ

(ੲ) ਕਾਦਰਯਾਰ

(ਸ) ਨਜ਼ਾਬਤ।

(viii) ਮੁਦਕੀ ਪਿੰਡ ਕਿੱਥੇ ਹੈ?

(ੳ) ਫਿਰੋਜ਼ਪੁਰ ਦੇ ਨੇੜੇ

(ਅ) ਮੋਗੇ ਦੇ ਨੇੜੇ

(ੲ) ਫਰੀਦਕੋਟ ਦੇ ਨੇੜੇ

(ਸ) ਹੁਸੈਨੀ ਵਾਲਾ ਦੇ ਨੇੜੇ।

(ix) ਧੀਦੋ ਕੋਣ ਸੀ?

(ੳ) ਚੂਚਕ (ਅ) ਰਾਂਝਾ

(ੲ) ਬਾਲਨਾਥ (ਸ) ਖੇੜੇ।

(x) ਪੂਰਨ ਦਾ ਜਨਮ ਕਿੱਥੇ ਹੋਇਆ?

(ੳ) ਸਿਆਲਕੋਟ ਵਿਚ

(ਅ) ਲਾਹੋਰ ਵਿਚ

(ੲ) ਗੁਜਰਾਂਵਾਲਾ ਵਿਚ

(ਸ) ਅੰਮ੍ਰਿਤਸਰ ਵਿਚ।

(xi) 'ਸਾਂਝੀ ਕੰਧ' ਕਹਾਣੀ ਦੇ ਕੁੱਲ ਕਿੰਨੇ ਪਾਤਰ ਹਨ?

(ੳ) 6 (ਅ) 5

(ੲ) 4 (ਸ) 3.

(xii) 'ਸਾਂਝੀ ਕੰਧ' ਕਹਾਣੀ ਦੀ ਬੋਲੀ ਕਿਹੋ ਜਿਹੀ ਹੈ?

(ੳ) ਮੁਲਤਾਨੀ (ਅ) ਪੋਠੋਹਾਰੀ

(ੲ) ਮਾਝੀ (ਸ) ਮਲਵਈ।

(xiii) 'ਸਾਂਝੀ ਕੰਧ' ਕਹਾਣੀ ਦਾ ਲੇਖਕ ਕੌਣ ਹੈ?

(ੳ) ਸੰਤੋਖ ਸਿੰਘ ਧੀਰ

(ਅ) ਕੁਲਵੰਤ ਸਿੰਘ ਵਿਰਕ

(ੲ) ਕਰਤਾਰ ਸਿੰਘ ਦੁੱਗਲ

(ਸ) ਵਰਿਆਮ ਸਿੰਘ ਸੰਧੂ।

(xiv) 'ਅੰਦਰਲੀ ਜੋਤ' ਕਹਾਣੀ ਕਿਸ ਦੀ ਰਚਨਾ ਹੈ?

(ੳ) ਸੁਖਬੀਰ

(ਅ) ਸੁਜਾਨ ਸਿੰਘ

(ੲ) ਪ੍ਰੇਮ ਪ੍ਰਕਾਸ਼

(ਸ) ਰਘਬੀਰ ਢੰਡ।

(xv) 'ਬੁੱਤ ਸ਼ਿਕਨ' ਸ਼ਬਦ ਕਿਸ ਭਾਸ਼ਾ ਦਾ ਹੈ?

(ੳ) ਉਰਦੂ (ਅ) ਅਰਬੀ

(ੲ) ਫ਼ਾਰਸੀ (ਸ) ਸੰਸਕ੍ਰਿਤ।

(xvi) 'ਸ਼ੇਸ਼ਨਾਗ' ਕਹਾਣੀ ਦਾ ਨਾਇਕ ਕੋਣ ਹੈ?

(ੳ) ਕਰਾਮਾਤ (ਅ) ਮੁਖ਼ਤਿਆਰ

(ੲ) ਕਰਾਮਤ (ਸ) ਰੁਲਦੂ।

(xvii) 'ਸ਼ੇਸ਼ਨਾਗ' ਕਹਾਣੀ ਦਾ ਲੇਖਕ ਕੋਣ ਹੈ?

(ੳ) ਰਘਬੀਰ ਢੰਡ

(ਅ) ਪ੍ਰੇਮ ਪ੍ਰਕਾਸ

(ੲ) ਕਿਰਪਾਲ ਕਜ਼ਾਕ

(ਸ) ਅਜੀਤ ਕੋਰ।

(xviii) ਕਰਾਮਤ ਦੀ ਮੌਤ ਕਿਸ ਸ਼ਹਿਰ ਵਿਚ ਹੋਈ?

(ੳ) ਲਾਹੌਰ ਵਿੱਚ

(ਅ) ਲੰਦਨ ਵਿੱਚ

(ੲ) ਪੈਰਿਸ ਵਿਚ

(ਸ) ਪੰਜਾਬ ਵਿੱਚ।

(xix) 'ਗੋਈ' ਕਹਾਣੀ ਦਾ ਲੇਖਕ ਕੌਣ ਹੈ?

(ੳ) ਪ੍ਰੇਮ ਪ੍ਰਕਾਸ਼

(ਅ) ਰਘਬੀਰ ਢੰਡ

(ੲ) ਸੁਖਬੀਰ

(ਸ) ਸੁਜਾਨ ਸਿੰਘ।

(xx) 'ਗੋਈ' ਸ਼ਬਦ ਦੇ ਕੀ ਅਰਥ ਹਨ?

(ੳ) ਖੀਰ

(ਅ) ਖਿਚੜੀ

(ੲ) ਪਤਲਾ ਹਲਵਾ

(ਸ) ਕੜ੍ਹੀ।